# ਬੇਦ ਪੁਰਾਨ ਪੜੇ ਕਾ ਕਿਆ ਗੁਨੁ

## ਰਾਗੁ ਮਾਰੂ ਬਾਣੀ ਕਬੀਰ ਜੀਉ ਕੀ
## ੴ ਸਤਿਗੁਰ ਪ੍ਰਸਾਦਿ ॥
## ਪਡੀਆ ਕਵਨ ਕੁਮਤਿ ਤੁਮ ਲਾਗੇ ॥
## ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥

ਭਗਤ ਕਬੀਰ ਜੀ ਨੇ ਇਹ ਸ਼ਬਦ ਮਾਰੂ ਰਾਗ ਵਿਚ ਉਚਾਰਣ ਕੀਤਾ ਹੈ ਜੋ ਪੰਨਾ ੧੧੦੨ ਤੇ ਅੰਕਿਤ ਜਾਂ ਸੁਭਾਇਮਾਨ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਇਸ ਨੂੰ ਦਰਜ ਕਰਦਿਆਂ ਮੂਲ ਮੰਤਰ ਦਾ ਛੋਟਾ ਸਰੂਪ, ਮੰਗਲਾਚਰਣ ਵਜੋਂ ਅੰਕਤ ਕੀਤਾ ਹੈ।

ਭਗਤ ਜੀ ਨੇ ਇਸ ਸ਼ਬਦ ਵਿਚ, ਅੰਤਮ ਪ੍ਰਾਪਤੀ ਲਈ ਨਾਮ ਦੀ ਮਹਿਮਾ ਦੇ ਤੁਲ, ਧਰਮ ਗ੍ਰੰਥਾਂ ਦੇ ਨਿਰੇ ਪਾਠ ਪਠਣ ਅਤੇ ਹੋਰ ਧਾਰਮਕ ਕਰਮ ਕਾਂਡ ਵਿਅਰਥ ਦਸੇ ਹਨ।

ਕਬੀਰ ਸਾਹਿਬ, ਵਕਤ ਦੇ ਪੁਰੋਹਿਤ/ਵਿਦਵਾਨ/ਧਰਮ ਦੇ ਠੇਕੇਦਾਰ ਵਰਗ (priestly class) ਦੇ ਵਿਅਰਥ ਦੇ ਕਰਮ ਕਾਂਡ ਨੂੰ ਨਕਾਰਦੇ ਹੋਏ ਫ਼ੁਰਮਾਣ ਕਰ ਰਹੇ ਹਨ ਕਿ

– ਹੇ ਪੰਡਤ ! ਤੂੰ ਕਿਹੜੇ ਵਿਅਰਥ ਦੇ ਕਰਮ ਕਾਂਡ ਵਿਚ ਲਗਿਆ ਹੋਇਆ ਹੈ, ਤੂੰ ਇਹ ਕਿਸ ਤਰ੍ਹਾਂ ਦੀ ਮਾੜੀ ਮਤ ਧਾਰਣ ਕਰ ਲਈ ਹੈ !

– ਕਿਉਂ ਜੋ ਤੂੰ ਤਾਂ ਪਰਮੇਸ਼ਰ ਦੇ ਨਾਮ ਦਾ ਸਿਮਰਣ ਨਹੀਂ ਕਰਦਾ, ਇਸ ਲਈ ਹੇ ਮਾੜੇ ਭਾਗਾਂ ਵਾਲੇ ਵਿਦਵਾਨ ਪੰਡਤ ! ਸਿਰਫ਼ ਤੂੰ ਹੀ ਨਹੀਂ, ਬਲਕਿ ਆਪਣੇ ਸਾਰੇ ਪਰਿਵਾਰ ਸਮੇਤ ਭਵਜਲ ਸੰਸਾਰ ਸਾਗਰ ਵਿਚ ਡੁਬੇਂਗਾ ਹੀ ਡੁਬੇਂਗਾ।੧।ਰਹਾਉ। ਕਿਉਂਕਿ ਸਾਰੇ ਧਰਮ ਗ੍ਰੰਥ ਤਾਂ ਖ਼ੁਦ ਹੀ ਨਾਮ ਸਿਮਰਨ ਦਾ ਰਾਹ ਦਿਖਾਉਂਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੬੬੩ ਤੇ ਫ਼ੁਰਮਾਣ ਕਰਦੇ ਹਨ ਕਿ ਭਾਵੇਂ ਪਾਣਿਨੀ

ਆਦਿਕ ਗ੍ਰੰਥਾਂ ਰਾਹੀਂ ਭਾਸ਼ਾ/ਵਿਆਕਰਣ ਦੀ ਮੁਹਾਰਤ ਹਾਸਲ ਕਰ ਲਉ, ਭਾਵ ਜਿਨਾਂ ਮਰਜ਼ੀ ਸ਼ੁਧ ਪਾਠ ਕਰ ਲਉ ਜਾਂ ਪੁਰਾਣਾਂ ਆਦਿ ਗ੍ਰੰਥਾਂ ਨੂੰ ਸੋਧ ਸੋਧ ਕੇ ਵੇਖ ਲਵੋ ਭਾਵੇਂ ਵੇਦ ਆਦਿਕ ਸਾਰੇ ਧਰਮ ਗ੍ਰੰਥਾਂ ਦਾ ਜਿਨਾਂ ਮਰਜ਼ੀ ਅਭਿਆਸ ਕਰ ਲਉ, ਨਾਨਕ ਦਾਸ ਕਹਿੰਦੇ ਹਨ ਕਿ ਹਰੀ, ਪ੍ਰਭੂ ਦਾ ਨਾਮ ਜਪੇ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ - 'ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।। ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕ ਦਾਸੁ।।'
(ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਤੇ ਹੋਰ ਪੋਥੀਆਂ ਵੀ ਤਾਂ ਵਾਰ ਵਾਰ ਨਾਮ ਜਪਣ ਦਾ ਹੀ ਉਪਦੇਸ਼ ਕਰਦੇ ਹਨ। ਦਾਸ ਨੇ ਖ਼ੁਦ ਆਪਣੇ ਦਾਦਾ/ਨਾਨਾ ਆਦਿ ਦੀ ਸੰਗਤਿ ਕੀਤੀ ਹੈ, ਉਹ ਰੱਜ ਕੇ ਨਾਮ ਜਪਦੇ ਸਨ, ਜਿਤਨਾ ਅਜ ਦੇ ਸਿਖ ਸੋਚ ਵੀ ਨਹੀਂ ਸਕਦੇ ਪਰ ਅਜ ਦੇ ਸਿਖ ਕੋਲ ਨਾਮ ਜਪਣ ਲਈ ਸਮਾਂ ਹੀ ਨਹੀਂ )
ਸ੍ਰੀ ਗੁਰੂ ਅਰਜਨ ਸਾਹਿਬ ਪਾਤਸ਼ਾਹ, ਪੰਨਾ ੭੬੧ ਤੇ, ਫ਼ੁਰਮਾਣ ਕਰਦੇ ਹਨ ਕਿ ਸਿਮ੍ਰਿਤੀਆਂ, ਵੇਦ, ਪੁਰਾਣ ਆਦਿ ਸਾਰੇ ਧਰਮ ਗ੍ਰੰਥ, ਪੋਥੀਆਂ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਨਾਮ ਜਪੇ ਬਿਨਾਂ ਹੋਰ ਕੁਝ ਵੀ ਪੜ੍ਹਨਾ, ਬੋਲਣਾ ਆਦਿ ਕੰਮ, ਹੋਛੀਆਂ ਗਲਾਂ ਜਾਂ ਗਾਲ੍ਹਾਂ ਕਢਣ ਦੇ ਤੁਲ ਹਨ - 'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ।। ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ।।'

ਭਗਤ ਕਬੀਰ ਜੀ ਦੇ ਮੌਜੂਦਾ ਸ਼ਬਦ ਵਿਚ, ਇਥੇ 'ਪਡੀਆ' ਜਾ 'ਪੰਡਿਤ' ਦਾ ਭਾਵ, ਸਿਰਫ਼ ਹਿੰਦੂਆਂ ਦੇ ਬ੍ਰਾਹਮਣ ਵਰਗ ਨਾਲ ਨਹੀਂ ਹੈ, ਬਲਕਿ ਵਿਸ਼ਵ ਦੇ ਸਮੁਚੇ ਪੁਰੋਹਿਤ ਵਰਗ ਨਾਲ ਹੈ, ਜਿਸ ਵਿਚ ਅਜੋਕਾ ਵਿਦਵਾਨ, ਖ਼ਾਸ ਤੌਰ ਤੇ ਧਰਮ ਦਾ ਵਿਦਵਾਨ ਵਰਗ ਸ਼ਾਮਲ ਹਨ। ਹਰ ਧਰਮ ਦੇ ਵਿਚ ਅਜਿਹਾ ਵਰਗ ਦੁਨੀਆਂ ਨੂੰ ਗੁੰਮਰਾਹ ਹੀ ਕਰਦਾ ਆਇਆ ਹੈ, ਅਜ ਵੀ ਸਿਮਰਣ ਤੋਂ ਤੋੜ ਰਿਹਾ ਹੈ, ਉਹ ਚਾਹੇ ਹਿੰਦੂ, ਮੁਸਲਮਾਨ, ਈਸਾਈ, ਜੈਨ, ਬੁੱਧ ਜਾਂ ਸਿਖੀ ਜਾਂ ਗੁਰਮਤਿ ਦਾ ਹੋਵੇ। ਅਜ ਤਕ ਦਾ ਇਤਿਹਾਸ, ਇਸ ਕੌੜੀ ਸਚਿਆਈ ਦਾ ਗਵਾਹ ਹੈ। ਇਸ ਦੁਨੀਆਂ ਵਿਚ ਜਿਤਨੇ ਵੀ ਮਹਾਤਮਾ ਆਏ ਉਨ੍ਹਾਂ ਨੇ ਇਸ ਵਰਗ ਦੇ ਅਖੌਤੀ ਧਰਮ ਨੂੰ ਨਾ ਸਿਰਫ਼ ਅਪ੍ਰਵਾਨ ਹੀ ਕੀਤਾ ਹੈ ਸਗੋਂ ਉਸ ਦਾ ਖੰਡਨ ਵੀ ਕੀਤਾ ਹੈ।

# ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥

# ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥

– ਹੇ ਪੰਡਤ ! ਧਰਮ ਗ੍ਰੰਥਾਂ, ਜਿਨ੍ਹਾਂ ਵਿਚ ਵੇਦ, ਪੁਰਾਣ ਤੇ ਹੋਰ ਸਾਰੇ ਧਰਮ ਗ੍ਰੰਥ ਸ਼ਾਮਲ ਹਨ, ਦੇ ਪਾਠ ਪਠਣ ਦਾ ਕੀ ਲਾਭ ! ਉਨ੍ਹਾਂ ਵਿਚ ਦਿਤੇ ਉਪਦੇਸ਼ ਮੁਤਾਬਕ, ਰਾਮ ਦੇ ਨਾਮ ਦਾ, ਭਾਵ, ਵਾਹਿਗੁਰੂ ਦਾ ਸਿਮਰਣ ਕਰਨ ਤੋਂ ਬਿਨਾਂ, ਤੇਰਾ, ਉਨ੍ਹਾਂ ਦਾ ਪਾਠ ਕਰਨਾ ਇੰਞ ਹੈ, ਜਿਵੇਂ ਖੋਤੇ ਨੇ ਚੰਦਨ ਦਾ ਭਾਰ ਲਦਿਆ ਹੋਵੇ, ਉਸ ਖੋਤੇ ਵਿਚਾਰੇ ਨੂੰ ਕੀ ਪਤਾ ਕਿ ਉਸ ਦਾ ਭਾਰ ਅਤਿਅੰਤ ਕੀਮਤੀ, ਚੰਦਨ ਦੀ ਲਕੜ ਹੈ ਜੋ ਸੁਗੰਧਤ ਹੈ। ਧਰਮ ਗ੍ਰੰਥ ਰੂਪੀ ਕੀਮਤੀ ਚੰਦਨ ਦੀ ਲਕੜ ਦਾ, ਮੂਰਖ ਮਨੁਖ ਰੂਪੀ ਖੋਤੇ ਨੂੰ ਕੋਈ ਲਾਭ ਨਹੀਂ, ਜੋ ਧਰਮ ਗ੍ਰੰਥ ਦਾ ਪਾਠ ਤਾਂ ਕਰੀ ਜਾਂਦਾ ਹੈ ਪਰ ਉਸ ਦੇ ਉਪਦੇਸ਼ ਨੂੰ ਧਾਰ ਕੇ ਸਿਮਰਨ ਨਹੀਂ ਕਰਦਾ।

– ਇਸੇ ਤਰ੍ਹਾਂ ਤੂੰ ਵੀ ਧਰਮ ਗ੍ਰੰਥਾਂ ਦੇ ਪਾਠ ਤੋਂ ਵਾਹਗੁਰੂ ਦੇ ਸਿਮਰਣ ਦੀ ਮਹਿਮਾ ਨੂੰ ਤਾਂ ਨਹੀਂ ਸਮਝ ਸਕਿਆ, ਉਸ ਤੋਂ ਵਿਹੂਣਾ ਤੂੰ ਭਵਜਲ ਸੰਸਾਰ ਸਾਗਰ ਤੋਂ ਪਾਰ ਕਿਵੇਂ ਹੋ ਸਕੇਂਗਾ, ਭਾਵ ਕਦੇ ਨਹੀਂ ਹੋ ਸਕਦਾ।੧।

ਸ੍ਰੀ ਗੁਰੂ ਨਾਨਕ ਸਾਹਿਬ ਦਾ ੭੯੧ ਪੰਨੇ ਤੇ, ਸਪੱਸ਼ਟ ਫ਼ੁਰਮਾਣ ਹੈ ਕਿ ਪੰਡਿਤ ਵਰਗ ਦੇ ਧਰਮ ਗ੍ਰੰਥਾਂ ਦੇ ਨਿਰੇ ਪਾਠ ਨਾਲ ਕੁਝ ਨਹੀਂ ਬਣਦਾ, ਉਨ੍ਹਾਂ ਤੇ ਅਮਲ ਕਰ ਕੇ ਸਿਮਰਣ ਕਰਨ ਨਾਲ ਹੀ ਪਾਰ ਉਤਾਰਾ ਸੰਭਵ ਹੋ ਸਕਦਾ ਹੈ – 'ਬੇਦ ਪਾਠ ਸੰਸਾਰ ਕੀ ਕਾਰ।। ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ।। ਬਿਨੁ ਬੂਝੇ ਸਭ ਹੋਇ ਖੁਆਰ।।'

# ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥

# ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥

– ਇਕ ਪਾਸੇ ਤਾਂ ਤੂੰ ਗ੍ਰੰਥਾਂ ਦੇ ਪਾਠ ਪਠਣ ਕਰਦਾ ਹੈਂ ਅਤੇ ਦੂਜੇ ਪਾਸੇ ਨਾਲ ਨਾਲ ਤੂੰ ਜੀਵਾਂ ਦਾ ਕਤਲ ਵੀ ਕਰੀ ਜਾਂਦਾ ਹੈਂ ਅਤੇ (ਆਪਣੇ ਜੀਭ ਦੇ ਸੁਆਦ ਲਈ) ਇਕ ਖਾਸ ਕਿਸਮ ਨਾਲ ਮਾਰੇ ਜਾਨਵਰ ਦੇ ਮਾਸ ਦਾ ਸੇਵਨ ਧਰਮ-ਮੁਤਾਬਕ ਕਰਾਰ ਦਿੰਦਾ ਹੈਂ। ਕਬੀਰ ਜੀ ਕਟਾਖ ਮਈ ਢੰਗ ਨਾਲ ਪੰਡਤ ਦੀ ਅਜਿਹੀ ਮਾੜੀ ਸੋਚ ਤੇ ਹਮਲਾ ਬੋਲਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਜੇ ਕਿਸੇ ਜਾਨਵਰ ਦਾ ਕਤਲ ਤੇਰੇ ਮੁਤਾਬਕ ਧਰਮ ਠਹਿਰਿਆ ਤਾਂ ਫ਼ਿਰ ਅਧਰਮ ਕਿਸ ਨੂੰ ਕਿਹਾ ਜਾਵੇ ! ਭਾਵ ਜਾਨਵਰਾਂ ਦਾ ਕਤਲ ਹਰ ਹਾਲ ਵਿਚ ਅਧਰਮ ਹੀ ਹੈ। (ਇਹੀ ਗ਼ਲਤੀ ਸਿਖ ਵੀ ਕਰ ਰਹੇ ਹਨ – 'ਝਟਕਾ' ਧਰਮ ਮੁਤਾਬਕ ਤੇ 'ਕੁਠਾ' ਨਹੀਂ, ਜਦਕਿ 'ਕੁਠਾ' ਤੇ 'ਝਟਕਾ' ਦੋਵੇਂ ਜੀਵ ਦਾ ਕਤਲ ਹੀ ਹਨ, ਸਿਰਫ਼ ਮਾਰਨ ਦੇ ਢੰਗ ਬਦਲ ਲੈਣ ਨਾਲ ਕਤਲ ਅਪਵਿਤਰ ਤੋਂ ਪਵਿਤਰ ਕਿਵੇਂ ਹੋ ਸਕਦਾ ਹੈ।) ਸ੍ਰੀ ਗੁਰੂ ਅਰਜਨ ਸਾਹਿਬ ਵੀ, ਪੰਨਾ ੨੦੧ ਤੇ, ਅਜਿਹਾ ਹੀ ਬਚਨ ਕਰਦੇ ਹਨ ਕਿ ਇਕ ਪਾਸੇ ਤਾਂ ਤੂੰ ਧਰਮ ਗ੍ਰੰਥਾਂ ਦੀ ਮਿਠੀ ਮਿਠੀ ਬਾਣੀ ਪੜ੍ਹੀ ਜਾਂਦਾ ਹੈਂ ਅਤੇ ਦੂਜੇ ਪਾਸੇ ਜੀਆਂ ਦੇ ਕਤਲ ਤੋਂ ਨਹੀਂ ਸੰਗਦਾ ਜਾਂ ਝਕਦਾ, ਇਸ ਕਰਕੇ ਤੇਰਾ ਹਿਰਦਾ ਅਸ਼ੁਧ, ਅਪਵਿਤਰ ਹੋ ਰਿਹਾ ਹੈ (ਮਾੜਾ ਕਰਮ ਕਰਨ ਨਾਲ ਹਿਰਦਾ ਅਸ਼ੁਧ ਹੀ ਹੁੰਦਾ ਹੈ) । ਜਿਸ ਤੇ ਵਾਹਿਗੁਰੂ ਕਿਰਪਾ ਕਰੇ ਉਹੀ ਪਵਿਤਰ ਹਿਰਦਾ ਰਖ ਕੇ ਬ੍ਰਹਮ ਦੀ ਬੀਚਾਰ ਭਾਵ ਸਿਮਰਣ ਕਰਦਾ ਹੈ – 'ਬੇਦ ਪੜੈ ਮੁਖਿ ਮੀਠੀ ਬਾਣੀ।। ਜੀਆਂ ਕੁਹਤ ਨ ਸੰਗੈ ਪਰਾਣੀ।। ਕਹੁ ਨਾਨਕ ਜਿਸੁ ਕਿਰਪਾ ਧਾਰੈ।। ਹਿਰਦਾ ਸੁਧੁ ਬ੍ਰਹਮੁ ਬੀਚਾਰੈ।।'

– ਅਗੋਂ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਜੇ ਜਾਨਵਰ ਦਾ ਇਕ ਖ਼ਾਸ ਢੰਗ ਨਾਲ ਕੀਤਾ ਕਤਲ ਕਰਕੇ ਵੀ ਤੂੰ ਆਪਣੇ ਆਪ ਨੂੰ ਮੁਨੀਵਰ, ਭਾਵ,

ਭਗਤ ਕਹਾਉਂਦਾ ਹੈਂ ਤਾਂ ਫ਼ਿਰ ਕਸਾਈ ਕਿਸ ਨੂੰ ਕਹੀਏ ! ਭਾਵ ਜਾਨਵਰਾਂ ਦੇ ਕਤਲ ਕਰਨ ਵਾਲਾ ਭਗਤ ਨਹੀਂ, ਹਰ ਹਾਲ ਵਿਚ ਕਸਾਈ ਹੀ ਹੁੰਦਾ ਹੈ, ਢੰਗ ਭਾਵੇਂ ਕੋਈ ਵੀ ਹੋਵੇ। ਹੇ ਪੰਡਤ ! ਤੂੰ ਜੋ ਮਰਜ਼ੀ ਕਹੀ ਜਾ।੨।

## ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥

## ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥

– ਹੇ ਨਾਮ ਵਿਹੂਣੇ ਕਰਮ ਕਾਂਡੀ ਪੰਡਤ ! ਤੂੰ ਆਪ ਤਾਂ ਮਨ ਤੋਂ ਅੰਨ੍ਹਾ ਹੈਂ, ਭਾਵ ਅਗਿਆਨੀ ਹੈਂ, ਆਪ ਤਾਂ ਤੂੰ ਜ਼ਰਾ ਵੀ ਅਧਿਆਤਮਕ ਗਿਆਨ ਪ੍ਰਾਪਤ ਨਹੀਂ ਕੀਤਾ, ਦੂਜਿਆਂ ਨੂੰ ਕਿਸ ਤਰ੍ਹਾਂ ਗਿਆਨ ਦੀ ਗਲ ਬੁਝਾਉਂਦਾ ਹੈਂ !

– ਸਿਰਫ਼ ਮਾਇਆ ਇਕੱਤਰ ਕਰਨ ਦੀ ਖਾਤਰ ਤੂੰ ਰਬੀ ਗਿਆਨ ਬਿਖੇਰਨ ਦਾ ਢੌਂਗ ਕਰਦਾ ਹੈਂ, ਇਸ ਤਰ੍ਹਾਂ ਤੇਰਾ ਇਹ ਕੀਮਤੀ ਮਨੁਖਾ ਜਨਮ ਵਿਅਰਥ ਜਾ ਰਿਹਾ ਹੈ।੩।

ਸ੍ਰੀ ਗੁਰੂ ਅਰਜਨ ਸਾਹਿਬ ਪੰਨਾ ੩੮੧ ਤੇ ਅਜਿਹਾ ਹੀ ਫ਼ੁਰਮਾਣ ਕਰਦੇ ਹਨ ਕਿ ਪਹਿਲਾਂ ਆਪਣੇ ਮਨ ਨੂੰ ਰਬੀ ਗਿਆਨ ਨਾਲ ਪ੍ਰਬੋਧ ਲਈਏ ਤਾਂ ਦੂਜਿਆਂ ਨੂੰ ਸਿਖਿਆ ਦੇਣ ਦੀ ਗਲ ਕਰੀਏ – 'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।।'

# ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ ॥

# ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥੪॥੧॥

– ਹੇ ਪੰਡਤ ! ਜੇ ਤੈਨੂੰ ਮੇਰੀ ਗਲ ਤੇ ਯਕੀਨ ਨਹੀਂ ਆਉਂਦਾ ਕਿ ਨਿਰਾ ਧਰਮ ਗ੍ਰੰਥਾਂ ਦੇ ਪਾਠ ਪਠਣ ਨਾਲ ਨਹੀਂ, ਸਗੋਂ ਪ੍ਰਮੇਸ਼ਰ ਦੇ ਸਿਮਰਨ ਵਿਚ ਲੀਨ ਹੋਣ ਨਾਲ ਪਾਰ ਹੋਈਦਾ ਹੈ, ਤਾਂ ਪੁਰਾਤਨ ਰਿਖੀਆਂ, ਮੁਨੀਆਂ ਦੇ ਬਚਨ ਹੀ ਮਨ ਲੈ, ਨਾਰਦ ਰਿਖੀ ਦੇ ਵੀ ਇਹੀ ਬਚਨ ਹਨ, ਬਿਆਸ ਜੀ ਵੀ ਇਹੀ ਫ਼ੁਰਮਾਣ ਕਰਦੇ ਹਨ, ਭਾਵੇਂ ਰਿਖੀ ਸੁਕਦੇਵ ਜੀ ਨੂੰ ਪੜ੍ਹ ਲੈ, ਸਾਰੇ ਹੀ ਇਕ ਮਤ ਹਨ ਕਿ ਨਾਮ ਸਿਮਰਿਆਂ ਹੀ ਪਾਰ ਉਤਾਰਾ ਹੁੰਦਾ ਹੈ, ਨਿਰੇ ਧਰਮ ਗ੍ਰੰਥਾਂ ਦੇ ਪਾਠ ਪਠਣ ਨਾਲ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ, ੨੯੮ ਪੰਨੇ ਤੇ ਗਵਾਹੀ ਭਰ ਰਹੇ ਹਨ ਕਿ ਨਾਰਦ ਮੁਨੀ, ਰਿਖੀ ਸੁਕਦੇਵ ਅਤੇ ਬਿਆਸ ਆਦਿ ਸਾਰੇ ਗੋਬਿੰਦ ਵਾਹਿਗੁਰੂ ਦਾ ਜੱਸ ਗਾਉਂਦੇ ਹਨ ਅਤੇ ਇਹ ਭਗਵਾਨ ਜੀ ਦੇ ਭਗਤ ਸਦਾ ਉਸ ਦੇ ਨਾਮ ਰਸ ਵਿਚ ਭਿਜੇ ਰਹਿੰਦੇ ਹਨ, ਉਸ ਦੀ ਯਾਦ ਵਿਚ ਓਤ-ਪੋਤ ਤੇ ਮਸਤ ਰਹਿੰਦੇ ਹਨ – 'ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।। ਰਸ ਗੀਧੇ ਹਰਿ ਸੀਉ ਬੀਧੇ ਭਗਤ ਰਚੇ ਭਗਵੰਤ।।' ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ੯੫੧ ਪੰਨੇ ਤੇ ਇੰਨ-ਬਿੰਨ ਗਵਾਹੀ ਭਰੀ ਹੈ ਕਿ ਇੰਨ੍ਹਾਂ ਸਾਰਿਆਂ ਨੂੰ ਪੁਛ ਲਉ, ਇਨ੍ਹਾਂ ਨੇ ਵੀ ਗੁਰੂ ਨਾਲ ਲਗ ਕੇ ਨਾਮ ਜਪਣ ਨੂੰ ਕਿਹਾ ਹੈ – 'ਜਾਇ ਪੁਛਹੁ ਸਿਮ੍ਰਿਤੀ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ।। ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ।।'

ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਦੀਆਂ ਵੀ ਬੇਅੰਤ ਗਵਾਹੀਆਂ ਹਨ। ਭਗਤ ਨਾਮਦੇਵ ਜੀ ਵੀ ਇਹੀ ਦਸਦੇ ਹਨ ਕਿ ਉਨ੍ਹਾਂ ਨੇ ਨਾਮ ਸਿਮਰ ਕੇ ਹੀ ਪਰਮਾਤਮਾ ਨੂੰ ਜਾਣਿਆ ਹੈ – 'ਨਾਮਦੇਇ ਸਿਮਰਨੁ ਕਰਿ ਜਾਨਾਂ।।'

– ਸ਼ਬਦ ਦੀ ਅਖੀਰਲੀ ਪੰਕਤੀ ਵਿਚ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸਿਰਫ਼ ਤੇ ਸਿਰਫ਼ ਨਾਮ ਸਿਮਰਣ ਵਿਚ ਲੀਨ ਹੋਣ ਨਾਲ ਹੀ ਜਨਮ ਮਰਣ ਦੇ ਗੇੜ ਦੇ ਬੰਧਨ ਤੋਂ ਛੁਟ ਸਕੋਗੇ ਨਹੀਂ ਤਾਂ ਭਵਜਲ ਸੰਸਾਰ ਸਾਗਰ ਵਿਚ ਡੁਬੇ ਸਮਝੋ।੪।੧।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਵੀ ਫ਼ੁਰਮਾਣ ਹੈ ਕਿ ਜੋ ਮਨੁਖ ਹਰ ਸਾਹ ਨਾਲ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ ਅਤੇ ਕੋਈ ਵੀ ਸਾਹ ਅਜਾਈਂ ਨਹੀਂ ਗੁਆਉਂਦਾ, ਉਸ ਦਾ ਜਨਮ ਮਰਨ ਦਾ ਡਰ ਮੁਕ ਜਾਂਦਾ ਹੈ ਅਤੇ ਉਹ ਪਰਮ ਲਕਸ਼ ਦੀ ਪ੍ਰਾਪਤੀ ਕਰ ਲੈਂਦਾ ਹੈ – 'ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ।। ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ।।' ਗਲ ਕੀ ! ਸਾਰੀ ਬਾਣੀ ਕੂਕ ਕੂਕ ਕੇ ਸਿਮਰਨ ਕਰਣ ਦੀ ਦੁਹਾਈ ਦੇ ਰਹੀ ਹੈ।